ਪੰਜਾਬ ਰਾਜ ਸੰਚਾਲਣ ਕਾਰਪੋਰੇਸ਼ਨ ਲਿਮਟਿਡ

ਨਿਲਾਮੀ ਨੋਟਿਸ ਨੰ: 27/2013-14

66/220 ਕੇ.ਵੀ ਬਿਜਲੀ ਘਰ ਸੰਦੋੜ ਜਿਲਾ ਸੰਗਰੂਰ ਵਿਖੇ 2 ਨੰਬਰ ਕੁਆਟਰ ਟਾਈਪ- 3 ਏ-1, 2 ਨੰਬਰ ਕੁਆਟਰ ਟਾਈਪ- 3 ਏ-2 ਅਤੇ 2 ਨੰਬਰ ਕੁਆਟਰ ਟਾਈਪ-4 (ਜਿਵੇ ਹੈ ਜਿਥੇ ਹੈ ਅਧਾਰ ਤੇ) ਡਿਸਪੋਜ ਆਫ ਕਰਨ ਲਈ ਨਿਲਾਮੀ ਨੋਟਿਸ ਦਿੱਤਾ ਜਾਂਦਾ ਹੈ। ਇੱਸ ਵਿੱਚ ਬਿਲਡਿੰਗਾ ਦੀ ਭੰਨ ਤੋੜ ਨੀਂਹਾ ਸਮੇਤ, ਮਲਬੇ ਨੂੰ ਸਾਫ ਕਰਨਾ ਅਤੇ ਇਸ ਦੀ ਸਾਇਟ ਤੋ ਡਿਸਪੋਜਲ ਸ਼ਾਮਿਲ ਹੈ।ਇਹ ਨਿਲਾਮੀ ਮਿੱਤੀ 17-09-13 ਦਿੱਨ ਮੰਗਲਵਾਰ ਸਮਾ 12.30 ਵਜੇ ਬਾ:ਦੁਪਿਹਰ 66/220 ਕੇ.ਵੀ ਬਿਜਲੀ ਘਰ ਸੰਦੋੜ ਜਿਲਾ ਸੰਗਰੂਰ ਵਿਖੇ ਹੋਵੇਗੀ। ਇਸ ਨਿਲਾਮੀ ਵਾਸਤੇ ਰਜਿਸਟਰੇਸ਼ਨ 12.00 ਵਜੇ ਬਾ:ਦੁਪਿਹਰ ਸ਼ੁਰੂ ਕੀਤਾ ਜਾਵੇਗਾ। ਜੇਕਰ ਨਿਲਾਮੀ ਵਾਲੇ ਦਿੱਨ ਛੁੱਟੀ ਹੋ ਜਾਂਦੀ ਹੈ ਤਾ ਨਿਲਾਮੀ ਅਗਲੇ ਕੰਮਕਾਰ ਵਾਲੇ ਦਿੱਨ ਇੱਸੇ ਸ਼ਮੇ ਇੱਸੇ ਜਗਾ ਤੇ ਹੋਵੇਗੀ। ਚਾਹਵਾਨ ਪਾਰਟੀਆ ਇਹਨਾ ਬਿਲਡਿੰਗਾ ਦਾ ਪ੍ਰੀਖਣ 66/220 ਕੇ.ਵੀ ਬਿਜਲੀ ਘਰ ਸੰਦੋੜ ਜਿਲਾ ਸੰਗਰੂਰ ਤੇ ਕਰ ਸਕਦੀਆ ਹਨ।

ਬੋਲੀ ਦੇਣ ਵਾਲੇ ਨੂੰ ਬੋਲੀ ਸ਼ਰੂ ਹੋਣ ਤੋ ਪਹਿਲਾ ਜਮਾਨਤੀ ਰਕਮ 5000/- (ਪੰਜ ਹਜਾਰ ਰੂਪੈ) ਡਿਮਾਂਡ ਡਰਾਫਟ ਜਾ ਬੀ.ਏ.16 ਰਾਂਹੀ ਜਮਾ ਕਰਵਾਉਣੀਂ ਪਵੇਗੀ। ਵੱਧ ਤੋ ਵੱਧ ਬੋਲੀ ਦੇਣ ਵਾਲੀ ਪਾਰਟੀ ਨੂੰ ਫਾਲ ਆਫ ਹੈਮਰ ਤੇ ਕੁੱਲ ਬੋਲੀ ਦੀ ਰਕਮ ਦਾ 25% (ਜਮਾਨਤੀ ਰਕਮ ਸਮੇਤ) ਜਮਾ ਕਰਵਾਉਣਾ ਪਵੇਗਾ। ਬਕਾਇਆ ਰਕਮ ਬੋਲੀ ਦੇ 7 ਦਿਨਾਂ ਦੇ ਅੰਦਰ ਅੰਦਰ ਉਪ ਮੰਡਲ ਅਫਸਰ ਸਿਵਲ ਨਿਰਮਾਣ ਉਪ ਮੰਡਲ ਪੰ: ਰਾ: ਟ: ਕਾ: ਲਿਮਿ: ਲੁਧਿਆਨਾ ਦੇ ਦਫਤਰ ਜਮਾ ਕਰਵਾਉਣੀਂ ਪਵੇਗੀ। ਬਕਾਇਆ ਰਕਮ ਸਮੇਂ ਸਿਰ ਜਮਾਂ ਨਾ ਕਰਾਉਣ ਦੀ ਸੂਰਤ ਵਿੱਚ ਜਮਾਨਤੀ ਰਕਮ ਜਬਤ ਕਰ ਲਈ ਜਾਵੇਗੀ ਅਤੇ ਬੋਲੀਕਾਰ ਦਾ ਇਸ ਉਪਰ ਕੋਈ ਕਲੇਮ ਨਹੀਂ ਹੋਵੇਗਾ।

ਬੋਲੀ ਦੇਣ ਦੀਆ ਸ਼ਰਤਾਂ, ਬੋਲੀ ਸ਼ੁਰੂ ਹੋਣ ਤੋ ਪਹਿਲਾ ਦੱਸ ਦਿੱਤੀਆਂ ਜਾਣਗੀਆਂ। ਬੋਲੀਕਾਰ ਬਿਲਡਿੰਗਾ ਦੀ ਭੰਨ ਤੋੜ, ਸਮੇਤ ਮਲਬੇ ਨੂੰ ਨੀਹਾਂ ਤਕ ਸਫਾਈ ਦਾ ਕੰਮ ਸੇਲ ਹੁਕਮ ਜਾਰੀ ਹੋਣ ਤੋ ਇੱਕ (1) ਮਹੀਨੇਂ ਦੇ ਅੰਦਰ- ਅੰਦਰ ਪੂਰਾ ਕਰੇਗਾਂ।

ਸੀਨੀਅਰ ਕਾਰਜਕਾਰੀ ਇੰਜੀਨਅਰ
ਸਿਵਲ ਵਰਕਸ ਮੰਡਲ ਪੰ: ਰਾ: ਟ: ਕਾ: ਲਿਮਿ:
220 ਕੇ.ਵੀ. ਸਬ-ਸ਼ਟੇਸਨ ਇੰਡੀ. ਏਰੀਆ ਫੇਸ-7
ਐਸ.ਏ.ਐਸ ਨਗਰ ।